This question paper contains 4 printed pages]

*Your Roll No...............*

**4595**

**B.A. (PROGRAMME)/II/III** **C**

PUNJABI LANGUAGE (C)- Paper II

(Basic Punjabi)

(Admissions of 2004/2006 and after in respect of the students of regular colleges/NCWEB.)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

1. ਹੇਠਾਂ ਲਿਖਿਤ ਪੈਰੇ ਨੂੰ ਪੜ੍ਹ ਕੇ ਉਸਦੇ ਹੇਠਾਂ ਲਿਖੇ ਗਏ ਪ੍ਰਸ਼ਨਾਂ ਦੇ ਉੱਤਰ ਦਿਉ :

"ਸਹਿਗਲ ਐਕਟਿੰਗ ਕਰਨ ਲਈ ਕਿਤਾਬਾਂ ਨਹੀਂ ਸੀ ਪੜ੍ਹਦਾ, ਜ਼ਿੰਦਗੀ ਤੱਕਦਾ ਸੀ। ਜ਼ਿੰਦਗੀ ਦੇ ਵੱਡੇ ਸਟੇਜ 'ਤੇ ਖੇਡਦੇ ਪਾਤਰਾਂ ਨੂੰ ਦੇਖਦਾ ਸੀ। ਉਹ ਸਮਾਜ ਦੇ ਹੇਠਲੇ ਤਬਕੇ ਦੀਆਂ ਸਰਾਵਾਂ ਢਾਬਿਆਂ ਤੇ ਸ਼ਰਾਬ-ਘਰਾਂ ਵਿੱਚ ਜਾਂਦਾ ਸੀ, ਜਿਥੇ ਜ਼ਿੰਦਗੀ ਤੋਂ ਥੱਕੇ-ਟੁੱਟੇ ਲੋਕ ਸ਼ਰਾਬ

ਪੀ ਕੇ, ਭੰਗ ਘੋਟ ਕੇ, ਜੂਆ ਖੇਡ ਕੇ ਅਤੇ ਬੀੜੀਆਂ ਫੂਕ ਕੇ, ਜ਼ਿੰਦਗੀ ਦੀ ਹਾਰੀ ਬਾਜੀ ਨੂੰ ਜਿੱਤਣ ਦਾ ਯਤਨ ਕਰਦੇ ਹਨ । ਕਿਸੇ ਵਿਦਵਾਨ ਵਾਂਗ ਅਲਸਾਏ ਹੋਏ, ਅਧਵਾਟੇ ਨਹੀਂ ਲਮਕਦੇ, ਸਗੋਂ ਜ਼ਿੰਦਗੀ 'ਤੇ ਕਿਸੇ ਹੋਰ ਪਾਸਿਉਂ, ਹੱਲਾ ਬੋਲ ਕੇ ਜੀਊਣਾ ਚਾਹੁੰਦੇ ਹਨ । ਇਹ ਪਾਤਰ ਉਸਦੇ ਦਿਲ ਵਿੱਚ ਵਸਦੇ ਹਨ । ਇਹਨਾਂ ਦੀਆਂ ਆਦਤਾਂ ਤੇ ਹਰਕਤਾ ਤੋਂ ਪੂਰੀ ਤਰ੍ਹਾਂ ਜਾਣੂ ਹੋਣ ਕਰਕੇ ਉਹ ਫ਼ਿਲਮ ਵਿੱਚ ਅਜਿਹੇ ਪਾਰਟ ਖ਼ੂਬ ਨਿਭਾਉਂਦਾ ਸੀ ।"

(ੳ) ਸਹਿਗਲ ਐਕਟਿੰਗ ਕਰਨ ਲਈ ਕੀ ਕਰਦਾ ਸੀ ?

(ਅ) ਉਹ ਜ਼ਿੰਦਗੀ ਦੇ ਕਿਹੜੇ ਪਾਤਰਾਂ ਨੂੰ ਦੇਖਦਾ ਸੀ ?

(ੲ) ਇਹ ਪਾਤਰ ਕਿਹੋ ਜਿਹੀ ਜ਼ਿੰਦਗੀ ਜੀਊਂਦੇ ਸਨ ?

(ਸ) ਇਹਨਾਂ ਪਾਤਰਾਂ ਬਾਰੇ ਜਾਣਕਾਰੀ ਲੈ ਕੇ ਉਹ ਕੀ ਲਾਭ ਉਠਾਉਂਦਾ ਸੀ ? 10

2. ਆਪਣੇ ਕਾਲਜ ਦੇ ਪ੍ਰਿੰਸੀਪਲ ਨੂੰ ਜ਼ੁਰਮਾਨਾ-ਮੁਆਫ਼ੀ ਲਈ ਅਰਜ਼ੀ ਲਿਖੋ ।

ਜਾਂ

ਆਪਣੇ ਮੁਹੱਲੇ ਵਿਚ ਵਧ ਰਹੀ ਨਸ਼ਾਖੋਰੀ ਦੀ ਰੋਕਥਾਮ ਲਈ ਹੈਲਥ-ਅਧਿਕਾਰੀ ਨੂੰ ਚਿੱਠੀ ਲਿਖੋ । 10

3. ਆਪਣੀ ਸਹੇਲੀ ਨੂੰ ਆਪਣੇ ਭਤੀਜੇ ਦੇ ਜਨਮ-ਦਿਨ ਦੀ ਪਾਰਟੀ ਵਿਚ ਸ਼ਾਮਲ ਹੋਣ ਲਈ ਸੱਦਾ-ਪੱਤਰ ਲਿਖੋ ।

ਜਾਂ

ਆਪਣੇ ਦਾਦਾ ਜੀ ਦੀ ਮੌਤ ਦਾ ਸਮਾਚਾਰ ਇਕ ਪੱਤਰ ਰਾਹੀਂ ਭੇਜੋ । 10

4. "ਅੱਖੀਂ ਦੇਖੀ ਦੁਰਘਟਨਾ" ਨੂੰ ਬਿਰਤਾਂਤਕ ਪੈਰ੍ਹੇ ਦੇ ਰੂਪ ਵਿਚ ਲਿਖੋ ।

ਜਾਂ

"ਕੰਪਿਊਟਰ ਦਾ ਵੱਧਦਾ ਪ੍ਰਭਾਵ" ਵਿਸ਼ੇ ਬਾਰੇ ਪੈਰ੍ਹਾ ਲਿਖੋ । 10

5. (*i*) ਸੰਬੰਧਕਾਂ ਤੇ ਯੋਜਕਾਂ ਵਿਚਲਾ ਅੰਤਰ ਸਪੱਸ਼ਟ ਕਰੋ ਅਤੇ ਇਹਨਾਂ ਦੇ ਰੂਪ ਤੇ ਵਰਤੋਂ ਬਾਰੇ ਮਿਸਾਲਾਂ ਵੀ ਦਿਉ । 10

(*ii*) ਸ਼ਬਦ-ਜੋੜਾਂ ਦੇ ਕੋਈ **ਪੰਜ** ਨਿਯਮ ਉਦਾਹਰਣਾਂ ਸਹਿਤ ਲਿਖੋ । 5

(*iii*) ਨਾਂਵ ਦੀ ਪਰਿਭਾਸ਼ਾ ਦੇ ਕੇ ਕਿਸੇ ਦੋ ਨਾਵਾਂ ਦੀਆਂ ਕਿਸਮਾਂ ਉਦਾਹਰਨਾਂ ਸਹਿਤ ਲਿਖੋ । 5

6. ਹੇਠ ਲਿਖੇ ਵਿਸ਼ਮਿਕਾਂ ਨੂੰ ਵਾਕਾਂ ਵਿਚ ਵਰਤ ਕੇ ਉਹਨਾਂ ਦੇ ਭੇਦ ਦਸੋ :

| | ਵਿਸ਼ਮਿਕ | ਵਾਕ | ਭੇਦ |
|---|---|---|---|
| (ੳ) | ਧੰਨ ਭਾਗ ! | ................ | ...................... |
| (ਅ) | ਵਾਹ ! | ................ | ...................... |
| (ੲ) | ਸ਼ਾਬਾਸ਼ ! | ................ | ...................... |
| (ਸ) | ਖ਼ਬਰਦਾਰ | ................ | ...................... |
| (ਹ) | ਕਾਸ਼ ! | ................ | ...................... 5 |

7. ਹੇਠਾਂ ਲਿਖੇ ਸ਼ਬਦਾਂ ਵਿਚੋਂ ਕਿਸੇ **10** ਸ਼ਬਦਾਂ ਦਾ ਪੰਜਾਬੀ ਵਿਚ ਅਨੁਵਾਦ ਕਰੋ :

Accent, Agreement, Contrast, Dance, Heart, Positive, Plot, Drama, Logic, Symbol, Solid, Narration, Prose, Tradition, Article. 10

[This question paper contains 2 printed pages]

*Your Roll No*..........................

4571

**B.A. (PROGRAMME)/I** C

PUNJABI DISCIPLINE—Paper I

**(Optional)**

(For Students who have studied Punjabi upto 10th)

(Rekha Chittar, Yadan and Functional Punjabi etc.)

(Admissions of 2004/2006 and after in respect of the students of regular colleges/NCWEB.)

*Time : 3 Hours* *Maximum Marks : 75*

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular college (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**Instructions for Candidates :** **ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।**

1. ਮੂਲ ਸ਼ਬਦ ਤੇ ਰਚਿਤ ਸ਼ਬਦ ਨੂੰ ਉਦਾਹਰਣਾਂ ਦੇ ਕੇ ਸਪੱਸ਼ਟ ਕਰੋ।

ਜਾਂ

ਹੇਠ ਲਿਖੇ ਸ਼ਬਦਾਂ ਦੇ ਵਿਪਰੀਤਾਰਥਕ ਸ਼ਬਦ ਲਿਖੋ :-

ਨਵਾਂ, ਕੱਚ, ਪ੍ਰਸ਼ਨ, ਸੱਚ, ਸਜਤਾ, ਪੁਰਾਣਾ, ਦੂਰ, ਪੱਕੀ, ਠੀਕ, ਪੁੱਠਾ । 10

2. ਹੇਠ ਲਿਖੇ ਮੁਹਾਵਰਿਆਂ ਅਤੇ ਅਖਾਣਾਂ ਦਾ ਅਰਥ ਦਸਦਿਆਂ ਵਾਕ ਬਣਾਓ:

**ਮੁਹਾਵਰੇ:**

ਪਾਣੀ ਪਾਣੀ ਹੋਣਾ, ਪੱਕੇ ਪੈਰੀਂ ਖਲੋਣਾ, ਇੱਟ ਖੜੱਕਾ ਕਰਨਾ, ਸਿਰ ਦੇਣਾ, ਹੱਥ ਪੈਰ ਮਾਰਨੇ ।

**ਅਖਾਣ:**

ਕਾਹਲੀ ਅੱਗੇ ਟੋਏ, ਇੱਕ ਚੁੱਪ ਸੌ ਸੁੱਖ, ਕੋਲਿਆਂ ਦੀ ਦਲਾਲੀ ਵਿਚ ਮੂੰਹ ਕਾਲਾ, ਘਰ ਦਾ ਭੇਤੀ ਲੰਕਾ ਢਾਹੇ, ਛੋਟਾ ਮੂੰਹ ਵੱਡੀ ਗੱਲ । 10

3. ਹੇਠ ਲਿਖਿਆਂ ਵਿਸ਼ਿਆਂ ਵਿਚੋਂ ਕਿਸੇ **ਇਕ** ਵਿਸ਼ੇ ਉੱਪਰ ਪੈਰ੍ਹਾ ਲਿਖੋ:
    1) ਹੰਕਾਰਿਆ ਸੋ ਮਾਰਿਆ
    2) ਸਮੇਂ ਦੀ ਕਦਰ
    3) ਇੱਕੀਵੀਂ ਸਦੀ ਦਾ ਵਿਦਿਆਰਥੀ **10**

4. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 50 ਸ਼ਬਦਾਂ ਵਿਚ ਲਿਖੋ:
    1) ਰੇਸ਼ਮਾਂ ਦਾ ਪਿਛੋਕੜ ਕੀ ਹੈ ਅਤੇ ਉਸਦੀ ਕਲਾ ਉੱਪਰ ਉਸਦਾ ਕੀ ਪ੍ਰਭਾਵ ਪੈਂਦਾ ਹੈ?
    2) ਬਲਰਾਜ ਸਾਹਨੀ ਦਾ ਇਕ ਲੇਖਕ ਦੇ ਤੌਰ,'ਤੇ ਕਿਸ ਤਰ੍ਹਾਂ ਦਾ ਬਿੰਬ ਪੇਸ਼ ਕੀਤਾ ਗਿਆ ਹੈ?
    3) ਮੋਹਨ ਸਿੰਘ ਦੀਆਂ ਕਵਿਤਾਵਾਂ ਤੇ ਗੀਤਾਂ ਦਾ ਵਿਸ਼ਾ ਕੀ ਸੀ?
    4) ਅਨੋਖੇ ਮੇਲ ਦੀ ਤਾਂਘ ਵਿਚ ਲੇਖਕ ਕਿਸ ਨੂੰ ਮਿਲਣ ਲਈ ਉਤਾਵਲਾ ਹੈ ਤੇ ਕਿਉਂ?
    5) 'ਲੰਡਨ ਦੀ ਇਕ ਮੋੜ' ਵਿਚ ਕਿਸ ਘਟਨਾ ਦਾ ਜ਼ਿਕਰ ਹੈ? **3x5=15**

5. 'ਮੇਰੀਆਂ ਅਭੁਲ ਯਾਦਾਂ' ਪੁਸਤਕ ਦੀ ਭੂਮਿਕਾ ਵਿਚ ਗੁਰਬਖਸ਼ ਸਿੰਘ ਕੀ ਕਹਿੰਦਾ ਹੈ? ਉਹ ਯਾਦਾਂ ਨੂੰ ਜੀਵਨ ਦਾ ਸਰਮਾਇਆ ਸਮਝਦਾ ਹੈ। ਇਸ ਪ੍ਰਸ਼ਨ ਦਾ ਉੱਤਰ ਭੂਮਿਕਾ ਦੇ ਆਧਾਰ 'ਤੇ ਆਪਣੇ ਸ਼ਬਦਾਂ ਵਿਚ ਲਿਖੋ ।

**ਜਾਂ**

ਗੁਰਬਖਸ਼ ਸਿੰਘ ਦੀ ਪੁਸਤਕ "*ਮੇਰੀਆਂ ਅਭੁੱਲ ਯਾਦਾਂ*" ਦੇ ਹੇਠ ਲਿਖੇ ਲੇਖਾਂ ਵਿਚੋਂ ਕਿਸੇ **ਇਕ** ਨੂੰ ਆਪਣੇ ਸ਼ਬਦਾਂ ਵਿਚ ਲਿਖੋ:

- ਮੇਰੀ ਅਛੂਤ ਸਹੇਲੀ
- ਮੇਰਾ ਨਿਸਫਲ ਪਿਆਰ
- ਦਰਦ ਕਹਾਣੀ **15**

6. ਇਕਬਾਲ ਮਾਹਲ ਨੇ ਸੁਰਿੰਦਰ ਕੌਰ ਬਾਰੇ ਲਿਖੇ ਰੇਖਾ ਚਿੱਤਰ ਨੂੰ 'ਲੇਖਾ ਮਾਵਾਂ ਦੀਆਂ ਦਾ ਕਿਉਂ ਆਖਿਆ ਹੈ?

**ਜਾਂ**

"*ਅੰਮ੍ਰਿਤਾ ਪ੍ਰੀਤਮ-ਇਕ ਪਰੀ ਕਥਾ*" ਲੇਖ ਨੂੰ ਆਪਣੇ ਸ਼ਬਦਾਂ ਵਿਚ ਬਿਆਨ ਕਰੋ।

**15**